EMPLOYMENT ONTARIO
Ontario's employment & training network

Ontario

**ਵੈੱਬ ’ਤੇ ਪਾਉਂਣ ਲਈ ਪੁਨਰ-ਨਿਰੀਖਣ**

## ਓਨਟੈਰੀਉ ਯੂਥ ਅਪਰੈਂਟਿਸਸ਼ਿੱਪ ਪ੍ਰੋਗਰਾਮ

ਓਨਟੈਰੀਉ ਯੂਥ ਅਪਰੈਂਟਿਸਸ਼ਿੱਪ ਪ੍ਰੋਗਰਾਮ (Ontario Youth Apprenticeship Program (OYAP)) ਓਨਟੈਰੀਉ ਦੇ ਸੈਕੰਡਰੀ ਸਕੂਲਾਂ ਰਾਹੀਂ ਪੇਸ਼ ਕੀਤਾ ਜਾਂਦਾ ਸਕੂਲ ਤੋਂ ਕੰਮ ’ਚ ਤਬਦੀਲੀ ਹੋਣ ਦਾ ਇਕ ਪ੍ਰੋਗਰਾਮ ਹੈ। ਗਰੇਡ 11 ਤੇ 12 ਦੇ ਫੁੱਲ-ਟਾਈਮ ਵਿਦਿਆਰਥੀ ਹੁਨਰੀ ਟਰੇਡਾਂ ’ਚ ਵਰਕ ਪਲੇਸਮੈਂਟਾਂ ਰਾਹੀਂ ਸਹਿਕਾਰੀ ਸਿਖਿਆ ਦੇ ਕਰੈਡਿਟ ਪ੍ਰਾਪਤ ਕਰਦੇ ਹਨ। ਵਿਦਿਆਰਥੀਆਂ ਕੋਲ ਸੈਕੰਡਰੀ ਸਕੂਲ ’ਚ ਹੁੰਦਿਆਂ ਹੋਇਆਂ ਅਪਰੈਂਟਿਸਾਂ ਵਜੋਂ ਔਪਚਾਰਕ ਰੂਪ ’ਚ ਰਜਿਸਟਰ ਹੋਣ ਦੀ ਚੋਣ ਹੁੰਦੀ ਹੈ ਜਿਸ ਨਾਲ ਉਹ ਗਰੇਡ 12 ਦੇ ਅੰਤ ’ਤੇ ਓਨਟੈਰੀਉ ਸੈਕੰਡਰੀ ਸਕੂਲ ਡਿਪਲੋਮੇ ਅਤੇ ਅਪਰੈਂਟਿਸਸ਼ਿੱਪ ਦੇ ਪਹਿਲਾਂ ਖਤਮ ਕਰ ਲਏ ਹਿੱਸੇ ’ਚ ਗਰੈਜੂਏਟ ਹੋ ਜਾਂਦੇ ਹਨ।

### ਸ਼ਾਮਲ ਕੌਣ ਹੋ ਸਕਦਾ ਹੈ?

ਜੇਕਰ ਤੁਸੀਂ ਫੁੱਲ-ਟਾਈਮ ਹਾਈ ਸਕੂਲ ਵਿਦਿਆਰਥੀ ਹੋ ਜੋ ਗਰੇਡ 11 ’ਚ ਦਾਖਲ ਹੋ ਰਹੇ ਹੋ ਅਤੇ ਘੱਟੋ ਘੱਟ 16 ਸਾਲ ਦੀ ਉਮਰ ਦੇ ਹੋ ਤਾਂ ਤੁਸੀਂ ਓਨਟੈਰੀਉ ਯੂਥ ਅਪਰੈਂਟਿਸਸ਼ਿੱਪ ਪ੍ਰੋਗਰਾਮ ’ਚ ਸ਼ਾਮਲ ਹੋਣ ਦੁਆਰਾ ਹੁਨਰੀ ਟਰੇਡਾਂ ’ਚ ਆਪਣਾ ਕੈਰੀਅਰ ਬਣਾਉਂਣ ਲਈ ਕੰਮ ਕਰ ਸਕਦੇ ਹੋ।

### ਮੈਂ ਓਨਟੈਰੀਉ ਯੂਥ ਅਪਰੈਂਟਿਸਸ਼ਿੱਪ ਪ੍ਰੋਗਰਾਮ ’ਚ ਕਿਵੇਂ ਪਹੁੰਚ ਕਰ ਸਕਦਾ/ਸਕਦੀ ਹਾਂ?

ਓਨਟੈਰੀਉ ਯੂਥ ਅਪਰੈਂਟਿਸਸ਼ਿੱਪ ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਜਾਣਨ ਲਈ ਆਪਣੇ ਸਥਾਨਕ ਹਾਈ ਸਕੂਲ ਗਾਈਡੈਂਸ ਕਾਊਂਸਲਰ, ਆਪਣੇ ਕੋ-ਔਪ ਸਿਖਿਆ ਦੇ ਅਧਿਆਪਕ ਜਾਂ ਤੁਹਾਡੇ ਸਕੂਲ ਬੋਰਡ ਲਈ ਓਨਟੈਰੀਉ ਯੂਥ ਅਪਰੈਂਟਿਸਸ਼ਿੱਪ ਪ੍ਰੋਗਰਾਮ ਕੋਆਰਡੀਨੇਟਰ ਨਾਲ ਸੰਪਰਕ ਕਰੋ।

***ਵਧੇਰੇ ਜਾਣਕਾਰੀ ਲਈ:***

1-800-387-5656
(416) 326-5656 (ਟੋਰਾਂਟੋ)

www.ontario.ca/employmentontario

ISBN 1-4249-2453-7